# ਯਕੀਨੀ ਬਣਾਓ ਕਿ ਤੁਸੀਂ ਆਪਣੇ ਆਪ ਨੂੰ ਢੱਕਿਆ ਹੋਇਆ ਹੈ

ਮੱਛਰ **ਜਾਪਾਨੀ ਇਨਸੇਫਲਾਈਟਿਸ ਵਾਇਰਸ (JEV)** ਵਰਗੀਆਂ ਬਿਮਾਰੀਆਂ ਫੈਲਾ ਸਕਦੇ ਹਨ। ਆਪਣੇ ਆਪ ਨੂੰ ਬਚਾਉਣ ਲਈ ਸਧਾਰਨ ਕਦਮ ਚੁੱਕੋ।



ਖਿੜਕੀਆਂ ਅਤੇ ਦਰਵਾਜਿਆਂ ‘ਤੇ ਜਾਲੀ ਲਗਾਓ



ਲੰਬੇ, ਢਿੱਲੇ ਕੱਪੜੇ ਪਾਓ



ਕੀੜੇ-ਮਕੌੜਿਆਂ ਤੋਂ ਬਚਣ ਵਾਲੀ ਅਸਰਦਾਰ ਦਵਾਈ ਦੀ ਵਰਤੋਂ ਕਰੋ



ਖੜੇ ਪਾਣੀ ਨੂੰ ਬਾਹਰ ਡੋਲੋ

Australian Government
Department of Health and Aged Care

Punjabi



JEV ਦੀ ਲਾਗ ਵਾਲੇ ਜ਼ਿਆਦਾਤਰ ਲੋਕ ਕਿਸੇ ਵੀ ਲੱਛਣਾਂ ਦਾ ਅਨੁਭਵ ਨਹੀਂ ਕਰਦੇ ਹਨ, ਪਰ ਕੁਝ ਗੰਭੀਰ ਬਿਮਾਰੀ ਦਾ ਅਨੁਭਵ ਕਰ ਸਕਦੇ ਹਨ ਅਤੇ ਬਹੁਤ ਘੱਟ ਮਾਮਲਿਆਂ ਵਿਚ, ਸਥਾਈ ਨਿਊਰੋਲੌਜੀਕਲ ਪੇਚੀਦਗੀਆਂ ਜਾਂ ਮੌਤ ਵੀ ਹੋ ਸਕਦੀ ਹੈ।

ਕੁਝ ਲੋਕਾਂ ਨੂੰ ਕੱਟਣ ਤੋਂ 5 ਤੋਂ 15 ਦਿਨਾਂ ਬਾਅਦ ਬੁਖਾਰ ਅਤੇ ਸਿਰ ਦਰਦ ਦਾ ਅਨੁਭਵ ਹੁੰਦਾ ਹੈ। ਦੂਸਰੇ ਲੋਕ ਗੰਭੀਰ ਲੱਛਣਾਂ ਦਾ ਵੀ ਅਨੁਭਵ ਕਰ ਸਕਦੇ ਹਨ ਜਿਸ ਵਿੱਚ ਗਰਦਨ ਦਾ ਅਕੜਾਅ, ਭਟਕਣਾ, ਕੰਬਣੀ, ਕੋਮਾ, ਕੜਵੱਲ (ਖਾਸ ਕਰਕੇ ਬੱਚਿਆਂ ਵਿੱਚ) ਅਤੇ ਅਧਰੰਗ ਸ਼ਾਮਲ ਹਨ।

ਜੇ ਤੁਸੀਂ ਜਾਂ ਕੋਈ ਵਿਅਕਤੀ ਜਿਸਨੂੰ ਤੁਸੀਂ ਜਾਣਦੇ ਹੋ JEV ਲਾਗ ਦੇ ਲੱਛਣਾਂ ਦਾ ਅਨੁਭਵ ਕਰ ਰਿਹਾ ਹੈ, ਤਾਂ ਤੁਰੰਤ ਡਾਕਟਰੀ ਸਹਾਇਤਾ ਲਓ।

**health.gov.au/ jev-translated-information**